# ਤਲਾਕ ਦਾ ਕਲੀਨਿਕ

inTouch
Multicultural Centre
Against Family Violence

inTouch ਤੁਹਾਨੂੰ ਆਸਟ੍ਰੇਲੀਆ ਵਿੱਚ ਤਲਾਕ ਵਾਸਤੇ ਅਰਜ਼ੀ ਦੇਣ ਵਿੱਚ ਮਦਦ ਕਰ ਸਕਦਾ ਹੈ। ਅਜਿਹਾ ਕਰਨ ਲਈ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਕਲੀਨਿਕ ਵਿਖੇ ਆਉਣ ਤੋਂ ਪਹਿਲਾਂ ਇਸ ਪੜਤਾਲ-ਸੂਚੀ ਨੂੰ ਪੂਰਾ ਕਰੋ।

## 1

☐ **ਤੁਸੀਂ 12 ਮਹੀਨਿਆਂ ਅਤੇ 1 ਦਿਨ ਤੋਂ ਵਧੇਰੇ ਸਮੇਂ ਲਈ ਅਲੱਗ ਰਹੇ ਹੋ**

ਅਤੇ

☐ **ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਹੈ ਕਿ ਤੁਸੀਂ ਆਪਣੇ ਜੀਵਨ ਸਾਥੀ ਨਾਲ ਸੁਲ੍ਹਾ ਕਰ ਲਵੋਗੇ**

⚠ ਜੇ ਤੁਸੀਂ ਅਜੇ ਵੀ ਇੱਕੋ ਘਰ ਵਿੱਚ ਇਕੱਠੇ ਰਹਿ ਰਹੇ ਹੋ, ਤਾਂ ਕਿਰਪਾ ਕਰਕੇ ਸਾਨੂੰ ਦੱਸੋ।

## 2

**ਉਹ ਦਸਤਾਵੇਜ਼ ਜੋ ਤੁਸੀਂ ਤਲਾਕ ਦੇ ਕਲੀਨਿਕ ਵਿਖੇ ਨਾਲ ਲੈ ਕੇ ਆਉਣੇ *ਲਾਜ਼ਮੀ* ਹਨ:**

☐ **ਕਿਰਪਾ ਕਰਕੇ ਆਪਣਾ ਵਿਆਹ ਦਾ ਸਰਟੀਫਿਕੇਟ ਨਾਲ ਲੈ ਕੇ ਆਓ, ਅਤੇ ਜੇ ਇਹ ਅੰਗਰੇਜ਼ੀ ਵਿੱਚ ਨਹੀਂ ਹੈ, ਤਾਂ ਤੁਹਾਨੂੰ ਕਿਸੇ ਪ੍ਰਮਾਣਿਤ ਅਨੁਵਾਦਕ ਦੁਆਰਾ ਇਸ ਦਾ ਅਨੁਵਾਦ ਕੀਤੇ ਜਾਣ ਦੀ ਲੋੜ ਪਵੇਗੀ।**

⚠ ਜੇ ਤੁਸੀਂ ਆਪਣੇ ਵਿਆਹ ਦੇ ਸਰਟੀਫਿਕੇਟ ਦਾ ਅਨੁਵਾਦ ਨਹੀਂ ਕਰਵਾਇਆ ਹੈ, ਤਾਂ ਕਿਰਪਾ ਕਰਕੇ ਤਲਾਕ ਦੇ ਕਲੀਨਿਕ ਵਿਖੇ ਆਉਣ ਤੋਂ ਪਹਿਲਾਂ ਸਾਡੇ ਨਾਲ ਗੱਲ ਕਰੋ।

⚠ ਜੇ ਤੁਹਾਡੇ ਕੋਲ ਵਿਆਹ ਦਾ ਸਰਟੀਫਿਕੇਟ ਬਿਲਕੁਲ ਵੀ ਨਹੀਂ ਹੈ, ਤਾਂ ਕਿਰਪਾ ਕਰਕੇ ਤਲਾਕ ਕਲੀਨਿਕ ਵਿਖੇ ਆਉਣ ਤੋਂ ਪਹਿਲਾਂ ਸਾਡੇ ਨਾਲ ਗੱਲ ਕਰੋ।

☐ **ਆਸਟ੍ਰੇਲੀਆ ਦਾ ਨਾਗਰਿਕਤਾ ਸਰਟੀਫਿਕੇਟ, ਆਸਟ੍ਰੇਲੀਆ ਦਾ ਪਾਸਪੋਰਟ ਜਾਂ ਘਰੇਲੂ ਮਾਮਲਿਆਂ ਦੇ ਵਿਭਾਗ ਕੋਲੋਂ ਵੀਜ਼ਾ ਜਾਰੀ ਹੋਣ ਵਾਲੀ ਚਿੱਠੀ**

☐ **ਪਰਿਵਾਰਕ ਹਿੰਸਾ ਦਖਲਅੰਦਾਜ਼ੀ ਦੇ ਕੋਈ ਵੀ ਆਦੇਸ਼**

☐ **ਬੱਚਿਆਂ ਨਾਲ ਸਬੰਧਿਤ ਕੋਈ ਵਰਤਮਾਨ ਅਦਾਲਤੀ ਆਦੇਸ਼ ਜਾਂ ਪਾਲਣ-ਪੋਸ਼ਣ ਵਾਲੀਆਂ ਯੋਜਨਾਵਾਂ**

☐ **ਸਲਾਹ-ਮਸ਼ਵਰਾ (ਕੌਂਸਲਿੰਗ) ਸਰਟੀਫਿਕੇਟ ਜੇ ਤੁਹਾਡੇ ਵਿਆਹ ਹੋਏ ਨੂੰ 2 ਸਾਲ ਤੋਂ ਘੱਟ ਸਮਾਂ ਹੋਇਆ ਹੈ**

## 3

☐ **ਜੇ ਤੁਹਾਡੇ ਕੋਲ ਕੰਪਿਊਟਰ ਹੈ:**
ਇਸ ਨੂੰ ਆਪਣੇ ਨਾਲ ਤਲਾਕ ਦੇ ਕਲੀਨਿਕ ਵਿਖੇ ਲੈ ਕੇ ਆਓ

☐ **ਜੇ ਤੁਹਾਡੇ ਕੋਲ ਕੰਪਿਊਟਰ ਨਹੀਂ ਹੈ ਤਾਂ:**
ਸਾਨੂੰ ਦੱਸੋ ਅਤੇ ਅਸੀਂ ਤੁਹਾਡੇ ਵਾਸਤੇ ਇੱਕ ਦਾ ਇੰਤਜ਼ਾਮ ਕਰਨ ਦੀ ਕੋਸ਼ਿਸ਼ ਕਰਾਂਗੇ

☐ **ਤਲਾਕ ਭਰਨ ਦੀ ਫੀਸ ਦਾ ਭੁਗਤਾਨ ਕਰਨ ਲਈ ਕਰੈਡਿਟ ਜਾਂ ਡੈਬਿਟ ਕਾਰਡ ਨਾਲ ਲੈ ਕੇ ਆਓ**
ਆਮ ਫੀਸ 990 **ਡਾਲਰ** ਹੈ ਜਾਂ ਘਟੀ ਹੋਈ ਫੀਸ 330 **ਡਾਲਰ** ਹੈ

**ਜੇ ਤੁਸੀਂ ਘਟਾਈ ਗਈ ਫੀਸ ਵਾਸਤੇ ਅਰਜ਼ੀ ਦੇਣੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਹੇਠ ਲਿਖੇ ਦਸਤਾਵੇਜ਼ ਨਾਲ ਲੈ ਕੇ ਆਓ:**

— ਸਿਹਤ ਸੰਭਾਲ ਕਾਰਡ, ਪੈਨਸ਼ਨਰ ਰਿਆਇਤ ਕਾਰਡ, ਕੌਮਨਵੈਲਥ ਸੀਨੀਅਰਜ਼ ਹੈਲਥ ਕਾਰਡ ਜਾਂ ਡਿਪਾਰਟਮੈਂਟ ਆਫ ਹਿਊਮਨ ਸਰਵਿਸਜ਼ ਜਾਂ ਡਿਪਾਰਟਮੈਂਟ ਆਫ ਵੈਟਰਨਜ਼ ਅਫੇਅਰਜ਼ ਦੁਆਰਾ ਜਾਰੀ ਕੀਤਾ ਕੋਈ ਹੋਰ ਕਾਰਡ ਜੋ ਰਾਸ਼ਟਰਮੰਡਲ ਸਿਹਤ ਰਿਆਇਤਾਂ ਵਾਸਤੇ ਤੁਹਾਡੀ ਹੱਕਦਾਰੀ ਨੂੰ ਤਸਦੀਕ ਕਰਦਾ ਹੈ

**ਜਾਂ**

— ਇਸ ਗੱਲ ਦਾ ਸਬੂਤ ਕਿ ਤੁਸੀਂ ਯੂਥ ਅਲਾਊਂਸ, ਔਸਟੱਡੀ ਜਾਂ ABSTUDY ਭੁਗਤਾਨ ਪ੍ਰਾਪਤ ਕਰ ਰਹੇ ਹੋ


ਈਮੇਲ: **legal@intouch.org.au**